

International Journal of Applied Research

**ISSN Print:** 2394-7500
**ISSN Online:** 2394-5869
**Impact Factor:** 8.4
IJAR 2021; 7(6): 368-371
www.allresearchjournal.com
Received: 10-03-2021
Accepted: 19-05-2021

**ਲਖਵਿੰਦਰ ਕੌਰ**
ਪੀਐਚਡੀ. ਵਿਭਾਗ, ਪੰਜਾਬੀ ਯੂਨੀਵਰਸਿਟੀ ਕਾਲਜ ਆਫ਼ ਬੇਸਿਕ ਸਾਇੰਸਜ਼ ਐਂਡ ਹਿ ਹਿਊਮੈਨਟੀਜ਼, ਗੁਰੂ ਕਾਸ਼ੀ ਯੂਨੀਵਰਸਿਟੀ, ਤਲਵੰਡੀ ਸਾਬੋ, ਬਠਿੰਡਾ, ਪੰਜਾਬ, ਭਾਰਤ

**Corresponding Author:**
**ਲਖਵਿੰਦਰ ਕੌਰ**
ਪੀਐਚਡੀ. ਵਿਭਾਗ, ਪੰਜਾਬੀ ਯੂਨੀਵਰਸਿਟੀ ਕਾਲਜ ਆਫ਼ ਬੇਸਿਕ ਸਾਇੰਸਜ਼ ਐਂਡ ਹਿ ਹਿਊਮੈਨਟੀਜ਼, ਗੁਰੂ ਕਾਸ਼ੀ ਯੂਨੀਵਰਸਿਟੀ, ਤਲਵੰਡੀ ਸਾਬੋ, ਬਠਿੰਡਾ, ਪੰਜਾਬ, ਭਾਰਤ

# ਵਰਿਆਮ ਮਸਤ ਦੇ ਨਾਟਕਾਂ ਵਿੱਚ ਦਲਿਤ ਚੇਤਨਾ

**ਲਖਵਿੰਦਰ ਕੌਰ**

## *ਪ੍ਰਸਤਾਵ*

''ਦਲਿਤ' ਸ਼ਬਦ ਦੇ ਸ਼ਬਦਿਕ ਅਰਥ ਦਬਿਆ ਹੋਇਆ, ਕੁਚਲਿਆ ਹੋਇਆ ਜਾਂ ਸਮਾਜ ਵਿਚ ਜਿਸ ਨੂੰ ਸਭ ਤੋਂ ਨੀਵੀਂ ਥਾਂ ਪ੍ਰਾਪਤ ਹੋਵੇ ਉਸ ਤੋਂ ਲਿਆ ਜਾਂਦਾ ਹੈ। ਇਸੇ ਪ੍ਰਸੰਗ ਅਧੀਨ ਭਾਈ ਕਾਨ੍ਹ ਸਿੰਘ ਨਾਭਾ ਦੇ 'ਮਹਾਨਕੋਸ਼' ਅਨੁਸਾਰ, "ਦਲਿਤ ਦੇ ਅਰਥ ਹਨ ਦਲਿਆ ਹੋਇਆ, ਕੁਚਲਿਆ ਹੋਇਆ, ਹੀਣੀ ਜਾਤ ਵਾਲਾ, ਜੋ ਉਚੀ ਜਾਤੀ ਤੋਂ ਪੈਰਾਂ ਹੇਠ ਦਲਿਆ ਗਿਆ ਹੈ।"[1] ਇਸ ਤਰ੍ਹਾਂ 'ਦਲਿਤ' ਸ਼ਬਦ ਸਮਾਜ ਵਿੱਚ ਨੀਵੇਂ ਵਰਗ ਦੇ ਲੋਕਾਂ ਲਈ ਵਰਤਿਆ ਜਾਂਦਾ ਹੈ। ਸਮਾਜ ਦੁਆਰਾ ਨਪੀੜੀ ਸ਼੍ਰੇਣੀ ਹੀ ਦਲਿਤ ਸ਼ਬਦ ਦੀ ਪਰਿਭਾਸ਼ਾ ਹੈ। 'ਦਲਿਤ' ਸ਼ਬਦ ਦਾ ਭਾਵ ਸਪੱਸ਼ਟ ਕਰਨ ਤੋਂ ਬਾਅਦ 'ਚੇਤਨਾ' ਬਾਰੇ ਸਮਝਣਾ ਵੀ ਜ਼ਰੂਰੀ ਹੈ। 'ਚੇਤਨਾ' ਅੰਗਰੇਜ਼ੀ ਭਾਸ਼ਾ ਦੇ ਸ਼ਬਦ 'ਅਵੇਅਰਨੈੱਸ' ਦਾ ਸਮਾਨਅਰਥੀ ਹੈ। ਜਿਸ ਦਾ ਅਰਥ ਜਾਗਰੂਕਤਾ ਹੈ ਜੋ ਆਰਥਿਕ, ਰਾਜਨੀਤਿਕ, ਸਮਾਜਿਕ ਅਤੇ ਧਾਰਮਿਕ ਕਿਸੇ ਵੀ ਖੇਤਰ ਵਿੱਚ ਹੋ ਸਕਦੀ ਹੈ। ਇਸ ਦੇ ਪ੍ਰਸੰਗ ਵਿੱਚ ਸਤੀਸ਼ ਕੁਮਾਰ ਵਰਮਾ ਦਾ ਵਿਚਾਰ ਹੈ ਕਿ:

"ਦਲਿਤ ਚੇਤਨਾ ਸਾਡੇ ਸਮਾਜਿਕ ਢਾਂਚੇ ਵਿਚ ਜਮਾਤੀ ਵਖਰੇਵਿਆਂ ਦੀ ਥਾਂ ਜਾਤੀ ਵਖਰੇਵਿਆਂ ਦੇ ਸ਼ਿਕਾਰ ਇਕ ਵਿਸ਼ੇਸ਼ ਸਮੂਹ ਦੇ ਆਪਣੇ ਕੌੜੇ-ਕੁਸੈਲੇ ਅਨੁਭਵਾਂ ਵਿਚੋਂ ਉਪਜੀ ਅਜਿਹੀ ਪਛਾਣ ਨਾਲ ਸੰਬੰਧਿਤ ਚਿੰਤਨ/ਧਾਰਾ/ਲਹਿਰ ਹੈ ਜਿਸ ਦਾ ਨੋਟਿਸ ਲਿਆ ਜਾਣ ਲੱਗ ਪਿਆ ਹੈ। ਇਸ ਨੇ ਅਹਿਸਤਾ ਅਹਿਸਤਾ ਆਪਣੀ ਵੱਥ ਨੂੰ ਪ੍ਰਗਟਾਇਆ ਹੈ।"[2]

ਸਿੱਖਿਆ ਦੇ ਪ੍ਰਸਾਰ ਅਤੇ ਉੱਨਤੀ ਕਰਕੇ ਸਮਾਜ ਦਾ ਦਲਿਤ ਵਰਗ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋ ਚੁੱਕਿਆ ਹੈ। ਉਹ ਸਦੀਆਂ ਤੋਂ ਹੋ ਰਹੀ ਆਪਣੀ ਲੁੱਟ-ਖਸੁੱਟ ਤੋਂ ਛੁਟਕਾਰਾ ਪਾਉਣ ਲਈ ਬਿਹਬਲ ਹੈ। ਜਿਸ ਕਰਕੇ ਪੰਜਾਬੀ ਨਾਟਕਕਾਰ ਵੀ ਇਸ ਵਰਗ ਦੇ ਮੋਢੇ ਨਾਲ ਮੋਢਾ ਜੋੜ ਕੇ ਇਹਨਾਂ ਦੀ ਆਵਾਜ਼ ਹੋਰ ਉੱਚੀ ਕਰ ਰਹੇ ਹਨ। ਵਰਿਆਮ ਮਸਤ ਦੁਆਰਾ ਵੀ ਆਪਣੇ ਨਾਟਕਾਂ ਵਿੱਚ ਦਲਿਤ ਚੇਤਨਾ ਨੂੰ ਪੇਸ਼ ਕੀਤਾ ਗਿਆ ਹੈ। ਵਰਿਆਮ ਮਸਤ ਇੱਕ ਸਿੱਖਿਆ ਪ੍ਰਾਪਤ ਰੰਗਕਰਮੀ ਅਤੇ ਨਾਟਕਕਾਰ ਹੈ। ਇਸ ਲਈ ਥੀਏਟਰ ਦੀ ਉਸ ਨੂੰ ਵਿਸ਼ੇਸ਼ ਸਮਝ ਹੋਣ ਕਰਕੇ ਆਪਣੇ ਨਾਟਕਾਂ ਵਿੱਚ ਸਰੋਕਾਰਾਂ ਦੀ ਪੇਸ਼ਕਾਰੀ ਉਹ ਬਹੁਤ ਹੀ ਸੁਚੱਜੇ ਰੂਪ ਵਿੱਚ ਕਰਦਾ ਹੈ।

ਵਰਿਆਮ ਮਸਤ ਆਮ ਤੌਰ ਤੇ ਨਿਮਨ ਵਰਗ ਦੇ ਲੋਕਾਂ ਦੀਆਂ ਸਮੱਸਿਆਵਾਂ ਅਤੇ ਦੁੱਖਾਂ ਤਕਲੀਫ਼ਾਂ ਨੂੰ ਹੀ ਆਪਣੇ ਨਾਟਕਾਂ ਦਾ ਵਿਸ਼ਾ ਬਣਾਉਂਦਾ ਹੈ। ਉਸ ਦੇ ਸਾਰੇ ਨਾਟਕਾਂ ਵਿੱਚ ਇਹਨਾਂ ਲੋਕਾਂ ਲਈ ਤਰਸ ਦੇ ਭਾਵ ਨਜ਼ਰ ਨਹੀਂ ਆਉਂਦੇ ਬਲਕਿ ਇਹ ਸ਼੍ਰੇਣੀ ਆਪਣੇ ਹਿੱਤਾਂ ਲਈ ਸਮਾਜ ਨਾਲ ਟਕਰਾਉਂਦੀ ਨਜ਼ਰ ਆਉਂਦੀ ਹੈ। ਇਸ ਵਿੱਚ ਚਾਹੇ ਔਰਤ ਪਾਤਰ ਹੀ ਕਿਉਂ ਨਾ ਸ਼ਾਮਿਲ ਹੋਵੇ।

ਵਰਿਆਮ ਮਸਤ ਦੁਆਰਾ ਆਪਣੇ ਨਾਟਕ 'ਦੇਖ ਤਮਾਸ਼ਾ ਪੁਤਲੀ ਦਾ' ਵਿੱਚ ਦਲਿਤ ਚੇਤਨਾ ਸੰਬੰਧੀ ਚਰਚਾ ਕੀਤੀ ਗਈ ਹੈ। ਇਸ ਨਾਟਕ ਦੀ ਕੇਂਦਰੀ ਪਾਤਰ ਬੇਗੋ ਦਲਿਤ ਸ਼੍ਰੇਣੀ ਨਾਲ ਸੰਬੰਧਿਤ ਹੋਣ ਕਰਕੇ ਉਸ ਦੀ ਕਿਸੇ ਵੀ ਸਰਕਾਰੀ ਅਦਾਰੇ ਵਿੱਚ ਸੁਣਵਾਈ ਨਹੀਂ ਹੁੰਦੀ। ਉਸ ਦੀ ਕੁੱਤੀ ਗੁਆਚ ਜਾਣ ਦੀ ਰਿਪੋਰਟ ਥਾਣੇ ਵਾਲੇ ਦਰਜ ਕਰਨ ਨੂੰ ਵੀ ਤਿਆਰ ਨਹੀਂ। ਇਸ ਦੇ ਉਲਟ ਪੁਲਿਸ ਅਫ਼ਸਰ ਦੇ ਕੁੱਤੇ ਜੈਕੀ ਦੇ ਗੁਆਚ ਜਾਣ ਕਰਕੇ ਸਾਰਾ ਮਹਿਕਮਾਂ ਉਸ ਨੂੰ ਭਾਲਣ ਲੱਗਿਆ ਹੋਇਆ ਹੈ। ਉਹ ਬੇਗੋ ਉੱਪਰ ਉਸ ਦੀ ਕੁੱਤੀ ਦੁਆਰਾ ਜੈਕੀ ਨੂੰ ਭਜਾ ਕੇ ਲਿਜਾਣ ਦਾ ਦੋਸ਼ ਮੜਦੇ ਹਨ, ਪਰੰਤੂ ਬੇਗੋ ਇਸ ਦਾ ਵਿਰੋਧ ਜ਼ੋਰਦਾਰ ਆਵਾਜ਼ ਵਿੱਚ ਕਰਦੀ ਹੈ। ਨਾਟਕਕਾਰ ਨੇ ਬੇਗੋ ਨੂੰ ਦਲਿਤ ਸ਼੍ਰੇਣੀ ਨਾਲ ਸੰਬੰਧਿਤ ਕਰਕੇ ਉਸ ਵਿੱਚ ਆਪਣੇ ਹੱਕਾਂ ਪ੍ਰਤੀ ਚੇਤਨਾ ਵੀ ਜਗਾਈ ਹੈ। ਉਹ ਨਾਟਕ ਵਿੱਚ ਕਹਿੰਦੀ ਹੈ ਕਿ ਜੇਕਰ ਉਸ ਦੀ ਇੱਥੇ ਸੁਣਵਾਈ ਨਹੀਂ ਹੋਵੇਗੀ ਤਾਂ ਉਹ ਉੱਪਰ ਤੱਕ ਪਹੁੰਚ ਕਰੇਗੀ। ਉਹ ਟਿਕ ਕੇ ਆਪਣੇ ਘਰ ਨਹੀਂ ਬੈਠੇਗੀ ਅਤੇ ਆਪਣੀ ਧੀ ਰਾਣੀ/ਕੁੱਤੀ ਨੂੰ ਲੱਭਣ ਦੀ ਹਰ ਸੰਭਵ ਕੋਸ਼ਿਸ਼ ਕਰੇਗੀ। ਬੇਗੋ ਦੀ ਇਹ ਗੱਲ ਉਸ ਦੇ ਇਸ ਵਾਰਤਾਲਾਪ ਤੋਂ ਸਪੱਸ਼ਟ ਹੁੰਦੀ ਹੈ:

"ਬੇਗੋ ਨਹੀਂ ਮੈਂ ਨਹੀਂ ਬੈਠਾਂਗੀ, ਜਦ ਤੱਕ ਮੇਰੇ ਵਿੱਚ ਖ਼ੂਨ ਦਾ ਕਤਰਾ ਬਾਕੀ ਹੈ, ਮੈਂ ਲੜਾਂਗੀ, ਜਦ ਤੱਕ ਅਧਿਕਾਰੀ, ਕਰਮਚਾਰੀ, ਹਾਈਕੋਰਟ, ਸੁਪਰੀਮਕੋਰਟ, ਪ੍ਰਧਾਨ ਮੰਤਰੀ ਤੋਂ ਮੈਨੂੰ ਇਨਸਾਫ਼ ਨਹੀਂ ਮਿਲਦਾ, ਮੈਂ ਇਸੇ ਤਰ੍ਹਾਂ ਅੱਗੇ ਵਧਦੀ ਜਾਵਾਂਗੀ। ਹਾਏ ਨੀ ਮੇਰੀਏ ਦੀ ਰਾਣੀਏ ਮੈਂ ਤੇਰੇ ਬਿਨਾਂ ਨਹੀਂ ਰਹਿ ਸਕਦੀ।"[3]

ਵਰਿਆਮ ਮਸਤ ਨੇ 'ਘਰਲੀ' ਨਾਟਕ ਰਾਹੀਂ ਦਲਿਤ ਲੋਕਾਂ ਵਾਣ-ਵੱਟੂਆਂ ਦੀ ਤਲਖੀ ਭਰੀ ਜ਼ਿੰਦਗੀ ਅਤੇ ਉਹਨਾਂ ਦੇ ਤੰਗੀਆਂ ਤੁਰਸ਼ੀਆਂ ਭਰੇ ਜੀਵਨ ਨੂੰ ਬਿਆਨ ਕੀਤਾ ਹੈ। ਨਾਟਕ ਦੇ ਮੁੱਖ ਪਾਤਰ ਜੱਗਾ, ਸੰਤੀ ਅਤੇ ਮੁੰਡਾ ਹਨ। ਨਾਟਕ ਦੇ ਪਾਤਰ ਇਸ ਚਿੰਤਾ ਦਾ ਸ਼ਿਕਾਰ ਹਨ ਕਿ ਬਦਲ ਰਹੀਆਂ ਸਮਾਜਿਕ ਪ੍ਰਸਥਿਤੀਆਂ ਅਤੇ ਤਕਨਾਲੋਜੀ ਦੇ ਵਿਕਾਸ ਕਰਨ ਉਹਨਾਂ ਦਾ ਵਾਣ-ਵੱਟਣ ਦਾ ਧੰਦਾ ਠੱਪ ਹੁੰਦਾ ਜਾ ਰਿਹਾ ਹੈ। ਜੱਗੇ ਨਾਲ ਦੂਸਰਾ ਦਲਿਤ ਦੁਖਾਂਤ ਇਹ ਵਾਪਰਦਾ ਹੈ ਕਿ ਮੁੰਡਾ ਵੀ ਉਸ ਦੀ ਆਪਣੀ ਔਲਾਦ ਨਹੀਂ ਅਤੇ ਉਹ ਬੇਚਾਰਗੀ ਅਤੇ ਬੇਗਾਨਗੀ ਦਾ ਸੰਤਾਪ ਹੰਢਾਉਂਦਾ ਹੋਇਆ ਆਪਣੀ ਪਤਨੀ ਸੰਤੀ ਦੇ ਕੁੱਖੋਂ ਪੈਦਾ ਹੋਏ ਪਰਾਏ ਖ਼ੂਨ ਨੂੰ ਆਪਣੇ ਭਵਿੱਖ ਦੀ ਡੰਗੋਰੀ ਸਮਝਣ ਲਈ ਮਜ਼ਬੂਰ ਹੈ। ਨਾਟਕ ਵਿੱਚ ਪੇਸ਼ ਤਿੰਨੇ ਪਾਤਰ ਸੁਪਨਿਆਂ ਦੀ ਪੂਰਤੀ ਅਤੇ ਅਪੂਰਤੀ ਦੇ ਤਨਾਅ ਵਿੱਚ ਜਿਉਣ ਲਈ ਮਜ਼ਬੂਰ ਹਨ। ਨਾਟਕ ਵਿੱਚ ਪਾਤਰ ਮੁੰਡਾ ਨਵੀਂ ਪੀੜ੍ਹੀ ਨਾਲ ਸੰਬੰਧਿਤ ਹੋਣ ਕਾਰਨ ਉਸ ਵਿੱਚ ਦਲਿਤ ਚੇਤਨਾ ਪੈਦਾ ਹੁੰਦੀ ਹੈ। ਉਹ ਕਮਿਊਨਿਸਟ ਪਾਰਟੀ ਨਾਲ ਸੰਬੰਧ ਰੱਖਦਾ ਹੈ ਅਤੇ ਆਪਣਾ ਪਿਤਾ-ਪੁਰਖੀ ਧੰਦਾ ਛੱਡ ਕੇ ਪੜ੍ਹਾਈ ਕਰਕੇ ਕੁੱਝ ਬਣਨਾ ਲੋਚਦਾ ਹੈ। ਪਿਤਾ-ਪੁਰਖੀ ਕਿੱਤੇ ਨੂੰ ਨਕਾਰਦਾ ਮੁੰਡਾ ਦਲਿਤ ਚੇਤਨਾ ਦਾ ਰਾਹ ਅਪਣਾਉਂਦਾ ਨਜ਼ਰ ਆਉਂਦਾ ਹੈ। ਇਸ ਦਾ ਪ੍ਰਗਟਾਵਾ ਉਸ ਦੀ ਇਸ ਵਾਰਤਾਲਾਪ ਤੋਂ ਹੋ ਜਾਂਦਾ ਹੈ:

"ਮੁੰਡਾ ਪੜ੍ਹ ਲਿਖ ਕੇ ਮੈਂ ਵਾਣ ਵੇਚਾਂ? ਮੈਂ ਨਹੀਂ ਕਰਦਾ? ਇਹ ਨੀਚਾਂ ਦਾ ਕੰਮ।

ਜੱਗਾ ਰੱਬ ਦੀ ਮਾਰ ਵਗ ਗਈ ਏ ਛੋਹਰ ਨੂੰ। ਆਪਣੇ ਕੰਮ ਨੂੰ ਨੀਚਾਂ ਦਾ ਕੰਮ ਆਖਦਾ ਏ। ਆਪਣੇ ਕੰਮ ਨਹੀਂ ਕਰਦੇ। ਪਰ ਦਿਹਾੜੀ ਕਰਦੇ ਹਨ। ਰਿਕਸ਼ੇ ਚਲਾਂਦੇ ਨੇ, ਪਰ ਕੁੱਲ ਨਹੀਂ ਬਣਾਂਦੇ-ਵਾਣ ਵੱਟਦੇ। ਦਰਜ਼ੀਪੁਣਾ ਕਰਦੇ ਨੇ। ਟਰੱਕ ਚਲਾਂਦੇ ਨੇ।"[4]

ਵਰਿਆਮ ਮਸਤ ਦੇ ਨਾਟਕ 'ਕੁੰਡਲੀ' ਵਿੱਚ ਦਲਿਤ ਸ਼੍ਰੇਣੀ ਦੇ

ਦੁੱਖਾਂ ਦੀ ਵਿੱਥਿਆ ਨੂੰ ਇਸਤਰੀ ਪਾਤਰਾਂ ਦੁਆਰਾ ਬਿਆਨ ਕੀਤਾ ਗਿਆ ਹੈ। ਦਲਿਤ ਸ੍ਰੇਣੀ ਨਾਲ ਸੰਬੰਧਿਤ ਇਹ ਪਾਤਰ ਨਾਰੀਤਵ ਅਤੇ ਦਲਿਤਪੁਣੇ ਦੀ ਦੂਹਰੀ ਮਾਰ ਸਹਾਰਦੀਆਂ ਹਨ। ਨਾਟਕ ਵਿੱਚ ਪੇਸ਼ ਲਗਭਗ ਸਾਰੇ ਮਰਦ ਪਾਤਰ ਨਸ਼ਿਆਂ ਦਾ ਸ਼ਿਕਾਰ ਹਨ ਜੋ ਆਪਣੀ ਪਤਨੀ ਤੋਂ ਇਹ ਆਸ ਰੱਖਦੇ ਹਨ ਕਿ ਉਹ ਕਮਾ ਕੇ ਘਰ ਦਾ ਰਾਸ਼ਨ ਵੀ ਲਿਆਵੇ ਤੇ ਉਸ ਦੇ ਨਸ਼ਿਆਂ ਦੀ ਪੂਰਤੀ ਵੀ ਕਰੇ। ਅਜਿਹਾ ਨਾ ਕਰਨ ਤੇ ਉਹ ਉਸ ਨੂੰ ਮਾਰਨ ਕੁੱਟਣ ਤੋਂ ਗੁਰੇਜ ਨਹੀਂ ਕਰਦਾ ਅਤੇ ਉਸ ਦੇ ਚਰਿੱਤਰ ਉੱਪਰ ਵੀ ਉਂਗਲੀ ਉਠਾਉਂਦਾ ਹੈ। ਨਾਟਕ ਕੀ ਮੁੱਖ ਪਾਤਰ ਪਿੰਕੀ ਮਜ਼ਬੂਰ ਪਰ ਮਜ਼ਬੂਤ ਪਾਤਰ ਹੈ। ਘਰ ਦੀ ਮਾੜੀ ਆਰਥਿਕ ਸਥਿਤੀ ਅਤੇ ਬੱਚਿਆਂ ਦਾ ਮੋਹ ਉਸ ਨੂੰ ਬੇਵੱਸ ਅਤੇ ਮਜ਼ਬੂਰ ਪਾਤਰ ਬਣਾ ਦਿੰਦਾ ਹੈ। ਪਿੰਕੀ ਦਾ ਬੱਚਿਆਂ ਲਈ ਜਿਉਣਾ ਅਤੇ ਘਰ ਦਾ ਗੁਜ਼ਾਰਾ ਚਲਾਉਣ ਲਈ ਉਹ ਜਾਗਰ ਵਰਗੇ ਬੰਦੇ ਨਾਲ ਵਿਆਹ ਬਾਹਰੇ ਸੰਬੰਧ ਕਾਇਮ ਕਰਦੀ ਹੈ। ਆਪਣੀ ਸੱਸ ਅਤੇ ਆਪਣੇ ਪਤੀ ਦੇ ਮਿਹਣੇ ਸੁਣਦੀ ਸੁਣਦੀ ਉਸ ਵਿੱਚ ਚੇਤਨਾ ਦੇ ਭਾਵ ਪ੍ਰਗਟ ਹੋ ਜਾਂਦੇ ਹਨ। ਜਦੋਂ ਉਸ ਦੀ ਸੱਸ ਉਸ ਉੱਪਰ ਇਲਜ਼ਾਮ ਲਗਾਉਂਦੀ ਹੈ ਤਾਂ ਉਹ ਇਸ ਗੱਲ ਦਾ ਸਖਤੀ ਨਾਲ ਨੋਟਿਸ ਲੈਂਦੀ ਹੋਈ ਉਸ ਨੂੰ ਖਰੀਆਂ-ਖਰੀਆਂ ਸੁਣਾਉਂਦੀ ਹੈ। ਵਰਿਆਮ ਮਸਤ ਦੇ 'ਕੁੰਡਲੀ' ਨਾਟਕ ਦੀ ਪਾਤਰ ਪਿੰਕੀ ਦਲਿਤ ਅਤੇ ਦਮਿਤ ਰੂਪ ਵਿੱਚ ਪੇਸ਼ ਹੁੰਦੀ ਹੈ। ਇਹ ਔਰਤ ਸਮਾਂ ਆਉਣ ਤੇ ਵਿਦਰੋਹ ਕਰਨਾ ਵੀ ਜਾਣਦੀ ਹੈ। ਜਦੋਂ ਪਿੰਕੀ ਵਿਦਰੋਹੀ ਰੂਪ ਧਾਰਦੀ ਹੈ ਤਾਂ ਉਹ ਆਪਣੇ ਪਤੀ ਨੂੰ ਵੀ ਨਹੀਂ ਬਖਸ਼ਦੀ। ਉਹ ਘਰ ਦੀ ਵਲਗਣ ਨੂੰ ਉਲੰਘ ਜਾਣਾ ਚਾਹੁੰਦੀ ਹੈ। ਜਿਵੇਂ:

"ਪਿੰਕੀ ਮੈਂ ਲਛਮਣ ਰੇਖਾ ਪਾਰ ਕਰਨੀ ਏ। ਮੈਂ ਕੁੰਡਲੀ ਤੋੜ ਦੇਵਾਂਗੀ। ਦੂਰ ਰੌਸ਼ਨੀ ਨਜ਼ਰ ਆ ਰਹੀ ਏ। ਇਸਨੂੰ ਮੈਂ ਆਪਣੀਆਂ ਅੱਖਾਂ ਵਿੱਚ ਸਮਾਂ ਲੈਣਾ ਏ। ਇਸ ਲੰਮੇ ਖਿਲਾਅ ਵਿੱਚ ਗੁਆਚ ਜਾਣਾ ਏ। ਮੈਨੂੰ ਤਲਾਸ਼ ਏ ਆਪਣੇ ਆਪ ਦੀ। ਮੈਨੂੰ ਕਿਸੇ ਦਾ ਨਹੀਂ ਆਪਣੇ ਪੈਰਾਂ ਦਾ ਸਾਥ ਚਾਹੀਦਾ ਏ। ਮੈਂ ਛੱਡਣਾ ਚਾਹੁੰਦੀ ਹਾਂ ਆਪਣੇ ਆਪ ਨੂੰ ਤੇ ਆਪਣੇ ਹੋਂਦ ਨੂੰ ਫੜਨਾ ਚਾਹੁੰਦੀ ਆਂ। ਮੈਨੂੰ ਤਲਾਸ਼ ਏ ਲੰਮੇ ਸਫ਼ਰ ਦੀ, ਲੰਮੇ ਰਾਹ ਦੀ।"[5]

ਵਰਿਆਮ ਮਸਤ ਦਾ ਨਾਟਕ 'ਉਡਾਰੀ' ਵੀ ਦਲਿਤ ਜਾਤੀ ਨਾਲ ਸੰਬੰਧਿਤ ਹੈ। ਇਸ ਨਾਟਕ ਦੁਆਰਾ ਵਰਿਆਮ ਮਸਤ ਨੇ ਦਲਿਤ ਔਰਤ ਨਾਲ ਹੁੰਦੇ ਸ਼ੋਸ਼ਣ ਨੂੰ ਬਾਖੂਬੀ ਢੰਗ ਨਾਲ ਪੇਸ਼ ਕੀਤਾ ਹੈ। ਉਸ ਨੇ ਇਸ ਨਾਟਕ ਵਿੱਚ ਔਰਤ ਨਾਲ ਹੁੰਦੇ ਸਰੀਰਕ ਅਤੇ ਮਾਨਸਿਕ ਦੋਹਾਂ ਪੱਖਾਂ ਉੱਪਰ ਹੁੰਦੇ ਸੋਸ਼ਣ ਨੂੰ ਬਿਆਨ ਕੀਤਾ ਹੈ। ਦਲਿਤ ਵਰਗ ਪਿਛੜਿਆ ਵਰਗ ਹੋਣ ਕਰਕੇ ਇਸ ਦਾ ਮੁੱਢ ਤੋਂ ਹੀ ਸੋਸ਼ਣ ਹੁੰਦਾ ਆ ਰਿਹਾ ਹੈ। ਇਹ ਗ਼ਰੀਬ ਲੋਕ ਆਪਣੀਆਂ ਛੋਟੀਆਂ-ਛੋਟੀਆਂ ਇਛਾਵਾਂ ਦੀ ਪੂਰਤੀ ਲਈ ਸਾਰੀ ਉਮਰ ਸੰਘਰਸ਼ ਕਰਦੇ ਹਨ। ਨਾਟਕ ਦੀ ਮੁੱਖ ਪਾਤਰ ਪ੍ਰੀਤੋ ਆਪਣੀ ਘਰ ਦੀ ਗ਼ਰੀਬੀ ਕਾਰਨ ਆਪਣੇ ਤੋਂ ਵੱਡੀ ਉਮਰ ਦੇ ਵਿਅਕਤੀ ਨਾਲ ਵਿਆਹੀ ਜਾਂਦੀ ਹੈ। ਹਾਣ ਮੇਲ ਨਾਂ ਹੋਣ ਕਰਕੇ ਦੋਨੋਂ ਪਤੀ ਪਤਨੀ ਇਕ ਦੂਜੇ ਤੋਂ ਅਸੰਤੁਸ਼ਟ ਹਨ। ਪ੍ਰੀਤੋ ਦੇ ਪਤੀ ਦੇ ਨਿਪੁੰਸਕ ਹੋਣ ਕਾਰਣ ਉਹ ਔਲਾਦ ਦੀ ਪ੍ਰਾਪਤੀ ਲਈ ਘਰੋਂ ਬਾਹਰ ਕਦਮ ਪੁੱਟਦੀ ਹੈ। ਇਥੇ ਹੀ ਉਸ ਦੀ ਜ਼ਿੰਦਗੀ ਵਿੱਚ ਸੰਘਰਸ਼ਮਈ ਮੋੜ ਆਉਂਦਾ ਹੈ ਅਤੇ ਉਸਦੀ ਸਾਰੀ ਜ਼ਿੰਦਗੀ ਦੁੱਖਾਂ ਵਿੱਚ ਨਿਕਲਦੀ ਹੈ। ਪ੍ਰੀਤੋ ਦੀ ਮਾਂ ਵੀ ਆਪਣੇ ਜੀਵਨ ਵਿੱਚ ਅਜਿਹਾ ਹੀ ਦੁਖਾਂਤ ਭੋਗਦੀ ਹੈ। ਉਸ ਦੀ ਮਾਂ ਦਲਿਤ ਪਰਿਵਾਰ ਨਾਲ ਸੰਬੰਧਿਤ ਹੁੰਦੀ ਹੋਈ ਜ਼ਿਮੀਂਦਾਰ ਪਰਿਵਾਰ ਦੇ ਹਰਦੀਪ ਨਾਲ ਸੰਬੰਧ ਬਣਾਉਂਦੀ ਹੈ। ਜਦੋਂ ਹਰਦੀਪ ਨਾਲ ਸੰਬੰਧ ਬਣਾਉਣ ਤੇ ਉਸ ਦੀ ਕੁੱਖ ਹਰੀ ਹੋ ਜਾਂਦੀ ਹੈ ਤਾਂ ਉਹ ਹਰਦੀਪ ਨੂੰ ਆਪਣੇ ਨਾਲ ਘਰ ਲਿਜਾਣ ਲਈ ਕਹਿੰਦੀ ਹੈ। ਪਰੰਤੂ ਹਰਦੀਪ ਇਸ ਗੱਲ ਨੂੰ ਸਵੀਕਾਰ ਨਹੀਂ ਕਰਦਾ ਅਤੇ ਉਸ ਨੂੰ ਧੱਕੇ ਮਾਰ ਕੇ ਬਾਹਰ ਕੱਢ ਦਿੰਦਾ ਹੈ। ਇਸ ਗੱਲ ਦਾ ਸਪੱਸ਼ਟ ਵਰਣਨ ਪ੍ਰੀਤੋ ਅਤੇ ਬਿੱਲ ਦੀ ਇਸ ਵਾਰਤਲਾਪ ਤੋਂ ਨਜ਼ਰ ਆਉਂਦਾ ਹੈ:

"ਪ੍ਰੀਤੋ ਪਰ ਉਹਨੇ ਤਾਂ ਮੇਰੀ ਮਾਂ ਨੂੰ ਧੱਕੇ ਮਾਰਕੇ ਘਰੋਂ ਕੱਢ ਦਿੱਤਾ।

ਬਿੱਲੂ ਕੱਢਣਾ ਹੀ ਸੀ ਅਸੀਂ ਜੱਟ ਜ਼ਿਮੀਦਾਰ ਕੰਮੀ ਜਾਤ ਦੀਆਂ ਤੀਵੀਆਂ ਉਜਾੜ ਤਾਂ ਸਕਦੇ ਆ, ਘਰੇ ਨਹੀਂ ਵਸਾ ਸਕਦੇ।"[6]

ਉਪਰੋਕਤ ਸੰਵਾਦ ਤੋਂ ਸਪਸ਼ਟ ਹੈ ਕਿ ਦਲਿਤ ਪਰਿਵਾਰ ਨਾਲ

ਸੰਬੰਧਤਿ ਔਰਤ ਦਾ ਸਮਾਜ ਵਿੱਚ ਜਗੀਰਦਾਰੀ ਲੋਕਾਂ ਵੱਲੋਂ ਕਿਸ ਤਰ੍ਹਾਂ ਸ਼ੋਸ਼ਣ ਕਰਕੇ ਉਹਨਾਂ ਦਾ ਨਿਰਾਦਰ ਕੀਤਾ ਜਾਂਦਾ ਹੈ। ਪ੍ਰੀਤੋ ਵੀ ਇਹਨਾਂ ਪ੍ਰਸਥਿਤੀਆਂ ਵਿੱਚੋਂ ਹੀ ਗੁਜ਼ਰਦੀ ਹੈ। ਪ੍ਰੀਤੋਂ ਦੇ ਕਿਰਦਾਰ ਦੁਆਰਾ ਨਾਟਕ ਵਿੱਚ ਦਲਿਤ ਔਰਤ ਦੇ ਮਾਨਸਿਕ, ਸਮਾਜਿਕ ਅਤੇ ਆਰਥਿਕ ਪੱਖ ਉਜਾਗਰ ਹੁੰਦੇ ਹਨ। ਪ੍ਰੀਤੋ ਅਜਿਹੀ ਨਾਰੀ ਹੈ ਜੋ ਅਜਿਹੀ ਬੇੜੀ ਵਿੱਚ ਸਵਾਰ ਹੈ ਜਿਸਦਾ ਕੋਈ ਮਰਦ ਸਹਾਰਾ ਨਹੀਂ ਬਣਦਾ। ਪ੍ਰੀਤੋ ਆਪਣੀ ਤੁਲਨਾ ਅਜ਼ਾਦ ਪੰਛੀਆਂ ਨਾਲ ਕਰਦੀ ਹੈ ਅਤੇ ਕਹਿੰਦੀ ਹੈ ਕਿ ਉਹ ਕਿਸੇ ਦਿਨ ਉਡਾਰੀ ਮਾਰ ਕੇ ਸਮਾਜ ਦੀ ਸਥਿਤੀ ਨੂੰ ਬਦਲਣ ਵਿੱਚ ਕਾਮਯਾਬ ਹੋਵੇਗੀ। ਉਹ ਅਖ਼ੀਰ ਵਿੱਚ ਆਪਣੇ ਹੱਕਾਂ ਪ੍ਰਤੀ ਚੇਤੰਨ ਹੋ ਕੇ ਚੇਤਨਾ ਦਾ ਨਾਅਰਾ ਲਗਾਉਂਦੀ ਹੋਈ ਚੰਡੀ ਦਾ ਰੂਪ ਧਾਰਦੀ ਹੈ। ਉਹ ਅਜਿਹੀ ਉਡਾਰੀ ਦੀ ਤਲਾਸ਼ ਵਿੱਚ ਹੈ ਜੋ ਇਸ ਵਿਸੰਗਤੀਆਂ ਭਰੇ ਸਮਾਜ ਤੋਂ ਉੱਪਰ ਉੱਠ ਕੇ ਆਪਣੇ ਅੰਦਰ ਪੈਦਾ ਹੋਈ ਚੇਤਨਾ ਨੂੰ ਪ੍ਰਗਟਾਉਣ ਦੇ ਸਮਰੱਥ ਹੋ ਸਕੇ।

ਇਸ ਤਰ੍ਹਾਂ ਵਰਿਆਮ ਮਸਤ ਆਪਣੇ ਨਾਟਕਾਂ ਦਲਿਤ ਸ਼੍ਰੇਣੀ ਦੇ ਲੋਕਾਂ ਨੂੰ ਮਜ਼ਬੂਰੀ ਅਤੇ ਸ਼ੋਸਣ ਭਰਿਆ ਜੀਵਨ ਬਤੀਤ ਕਰਨ ਦੀ ਥਾਂ ਉਹਨਾਂ ਵਿੱਚ ਚੇਤਨਾ ਦੇ ਭਾਵ ਪੈਦਾ ਕਰਦਾ ਹੈ ਤਾਂ ਕਿ ਉਹ ਆਪਣੇ ਹੱਕਾਂ ਲਈ ਸਮਾਜ ਨਾਲ ਲੜ ਸਕਣ ਅਤੇ ਸਮਾਜ ਵਿੱਚ ਆਪਣਾ ਰੁਤਬਾ ਹਾਸਲ ਕਰ ਸਕਣ।

## ਹਵਾਲੇ


1. ਭਾਈ ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨਕੋਸ਼, ਪੰਨਾ 625
2. ਡਾ. ਸਤੀਸ਼ ਕੁਮਾਰ ਵਰਮਾ, ਪੰਜਾਬੀ ਨਾਟਕ ਵਿੱਚ ਦਲਿਤ ਚੇਤਨਾ, ਸਮਦਰਸ਼ੀ ਦਲਿਤ ਚੇਤਨਾ ਵਿਸ਼ੇਸ਼ ਅੰਕ, ਪੰਨਾ 93
3. ਵਰਿਆਮ ਮਸਤ, ਦੇਖ ਤਮਾਸ਼ਾ ਪੁਤਲੀ ਦਾ, ਪੰਨਾ 44
4. ਉਹੀ, ਘਰਲੀ, ਪੰਨਾ 77
5. ਉਹੀ, ਕੁੰਡਲੀ, ਪੰਨੇ 70-71
6. ਉਹੀ, ਉਡਾਰੀ, ਪੰਨਾ 28